ਸ਼ੁੱਕਰਵਾਰ
12, ਫ਼ਰਵਰੀ 2010
1 ਫੱਗਣ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 302,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com


ਸ਼ਹਿਰ ਤੇ ਆਸ-ਪਾਸ
ਕਮਿਸ਼ਨਰ ਵੱਲੋਂ ਮਾਲ ਅਧਿਕਾਰੀਆਂ 3

ਸੰਪਾਦਕੀ
ਹਿੰਸਾ ਦਾ ਵਰਤਾਰਾ ਦੋਵਾਂ ਦੇਸ਼ਾਂ ਲਈ ਖਤਰਨਾਕ 4


ਦੇਸ਼ ਦੁਨੀਆਂ
ਅੱਜ ਨੱਚ-ਨੱਚ ਧਰਤੀ ਹਿਲਾ 8

ਲੰਬੀ 'ਚ ਰੈਲੀ ਅੱਜ

ਪੰਜਾਬ 'ਚ ਅੱਜ ਤੋਂ 5772 ਈ. ਟੀ. ਟੀ.ਸਕੂਲ ਅਣਮਿੱਥੇ ਸਮੇਂ ਲਈ ਬੰਦ

ਚੰਡੀਗੜ੍ਹ, 11 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਐਲੀਮੈਂਟਰੀ ਟੀਚਰ ਯੂਨੀਅਨ ਵੱਲੋਂ ਕੱਲ੍ਹ ਸ਼ੁੱਕਰਵਾਰ ਨੂੰ ਆਪਣੀਆਂ ਮੰਗਾਂ ਦੇ ਹੱਕ ਵਿੱਚ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਹ ਰੈਲੀ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਹਲਕੇ ਲੰਬੀ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਪੰਜਾਬ ਭਰ ਤੋਂ ਹਜਾਰਾਂ ਅਧਿਆਪਕ ਇਸ ਰੈਲੀ ਵਿੱਚ ਭਾਗ ਲੈ ਰਹੇ ਹਨ। ਉੱਧਰ ਪੰਜਾਬ ਟਰਾਂਸਪੋਰਟ ਵਿਭਾਗ ਤੇ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਨੇ ਪ੍ਰਾਈਵੇਟ ਬੱਸ ਮਾਲਕਾਂ ਨੂੰ ਵਾਰਨਿੰਗ ਦਿੱਤੀ ਹੈ ਕਿ ਜਿਹੜੇ ਟਰਾਂਸਪੋਰਟਰ ਆਪਣੀਆਂ ਈ.ਟੀ.ਟੀ.ਅਧਿਆਪਕਾਂ ਨੂੰ ਰੈਲੀ ਲਈ ਦੇਵੇਗਾ। ਉਨ੍ਹਾਂ ਵਿਰੁੱਧ ਵਿਭਾਗ ਦੇ ਨਿਯਮਾਂ ਦੇ ਉਲਟ ਚੱਲਣ 'ਤੇ ਕਾਰਵਾਈ ਕੀਤੀ ਜਾਵੇਗੀ। ਸਰਕਾਰ ਰੈਲੀ ਨੂੰ ਫੇਲ੍ਹ ਕਰਨ ਲਈ ਸਿਰਤੋੜ ਯਤਨ ਕਰ ਰਹੀ ਹੈ। ਪੁਲਿਸ ਪੂਰੇ ਭੱਬਾਂ ਭਾਰ ਹੈ। ਈ.ਟੀ.ਟੀ.ਅਧਿਆਪਕ ਯੂਨੀਅਨ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ 12 ਫਰਵਰੀ ਨੂੰ ਸ. ਬਾਦਲ ਦੇ ਜੱਦੀ ਹਲਕੇ ਲੰਬੀ ਵਿੱਚ ਰੈਲੀ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਕੱਲ੍ਹ ਜਿਸ ਤਰ੍ਹਾਂ ਹੀ ਯੂਨੀਅਨ ਨੇ ਈ.ਟੀ.ਟੀ. ਦੀ ਸਕੂਲਾਂ ਵਿੱਚ ਤਾਲਾਬੰਦੀ ਕਰਨ ਦਾ ਐਲਾਨ ਕੀਤਾ ਹੈ ਤੇ ਉਦੋਂ ਤੋਂ ਹੀ ਪੁਲਿਸ ਨੇ ਅਧਿਆਪਕਾਂ ਦੀ ਫੜੋ-ਫੜੀ ਤੇਜ਼ ਕਰ ਦਿੱਤੀ ਹੈ। ਬੀਤੀ ਦੇਰ ਰਾਤ ਪੁਲਿਸ ਨੇ ਰੋਪੜ, ਮੁਹਾਲੀ ਫਤਹਿਗੜ੍ਹ ਸਾਹਿਬ ਫਿਰੋਜ਼ਪੁਰ ਤਰਨਤਾਰਨ, ਲੁਧਿਆਣੇ, ਫਰੀਦਕੋਟ ਵਿੱਚ ਕਈ ਅਧਿਆਪਕਾਂ ਦੇ ਘਰਾਂ ਵਿੱਚ ਛਾਪੇ ਮਾਰ ਕੇ ਅੱਧੀ ਰਾਤ ਨੂੰ ਗ੍ਰਿਫਤਾਰ ਕਰ ਲਿਆ ਹੈ। ਈ.ਟੀ.ਟੀ.ਯੂਨੀਅਨ ਦੇ ਪੰਜਾਬ ਇਕਾਈ ਦੇ ਪ੍ਰਧਾਨ ਸੁਖਵਿੰਦਰ ਸਿੰਘ ਸੰਧੂ 'ਤੇ ਦੋਸ਼ ਲਗਾਇਆ ਹੈ ਕਿ ਫਿਰੋਜ਼ਪੁਰ ਵਿੱਚ ਪੁਲਿਸ ਨੇ ਅਧਿਆਪਕਾਂ ਦੇ ਘਰਾਂ ਵਿੱਚ ਛਾਪੇ ਮਾਰੇ ਪਰ ਅਧਿਆਪਕਾਂ ਨਹੀਂ ਮਿਲੇ ਤਾਂ ਉਨ੍ਹਾਂ ਦੇ ਵਾਰਸਾਂ ਤੇ ਰਿਸ਼ਤੇਦਾਰਾਂ ਨੂੰ ਚੁੱਕ ਕੇ ਪੁਲਿਸ ਸਟੇਸ਼ਨ ਲੈ ਗਏ। ਮਹਿਲਾ ਅਧਿਆਪਕ ਦੇ ਵਾਰਸਾਂ ਤੇ ਰਿਸ਼ਤੇਦਾਰਾਂ ਨੂੰ ਵੀ ਚੁੱਕ ਕੇ ਪੁਲਿਸ ਥਾਣਿਆਂ ਵਿੱਚ ਲੈ ਗਈ। ਉਨ੍ਹਾਂ ਤੋਂ ਲਿਖਤੀ ਰੂਪ ਵਿੱਚ ਲਿਆ ਜਾ ਰਿਹਾ ਹੈ ਕਿ ਅਧਿਆਪਕ ਰੈਲੀ ਵਿਚ ਨਹੀਂ ਜਾਣਗੇ।

ਪੰਜਾਬ ਵਿੱਚ ਅੱਜ ਤੋਂ ਸਾਰੇ ਈ.ਟੀ.ਟੀ. ਸਕੂਲ ਐਲੀਮੈਂਟਰੀ ਸਕੂਲ ਬੰਦ ਕਰ ਦਿੱਤੇ ਗਏ ਹਨ। ਇਹ ਸਕੂਪ ਪੁਲਿਸ ਵੱਲੋਂ ਈ.ਟੀ.ਟੀ. ਯੂਨੀਅਨ ਦੇ ਨੇਤਾਵਾਂ ਅਤੇ ਅਧਿਆਪਕਾਂ ਦੀਆਂ ਗ੍ਰਿਫਤਾਰੀਆਂ ਕਰਨ ਅਤੇ ਛਾਪੇਮਾਰੀ ਕਰਨ ਕਾਰਨ ਬੰਦ ਕੀਤੇ ਗਏ ਹਨ। ਸਕੂਲਾਂ ਨੂੰ ਬੰਦ ਕਰਨ ਦਾ ਸੱਦਾ ਪੰਜਾਬ ਈ.ਟੀ.ਟੀ. ਅਧਿਆਪਕ ਯੂਨੀਅਨ ਵੱਲੋਂ ਦਿੱਤਾ ਗਿਆ ਹੈ। ਇਸ ਤਰ੍ਹਾਂ ਅੱਜ ਤੋਂ ਪੰਜਾਬ ਦੇ ਸਾਰੇ 5700 ਦੇ ਕਰੀਬ ਐਲੀਮੈਂਟਰੀ ਸਕੂਲ ਬੰਦ ਹੋ ਗਏ ਹਨ। ਇਸ ਸਮੇਂ ਪੁਲਿਸ ਈ.ਟੀ.ਟੀ. ਅਧਿਆਪਕਾਂ ਦੀਆਂ ਪੰਜਾਬ ਭਰ ਵਿੱਚ ਗ੍ਰਿਫਤਾਰੀਆਂ ਲਈ ਛਾਪੇ ਮਾਰੇ ਜਾ ਰਹੇ ਹਨ। 12 ਫਰਵਰੀ ਨੂੰ ਕੱਲ੍ਹ ਪੰਜਾਬ ਦੇ ਮੁੱਖ ਮੰਤਰੀ ਸ੍. ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ☛(ਬਾਕੀ ਸਫਾ 2 'ਤੇ)

ਸੋਨੀਆ ਦੇ ਇਸ਼ਾਰੇ 'ਤੇ ਵਧਣਗੀਆਂ ਤੇਲ ਗੈਸ ਦੀਆਂ ਕੀਮਤਾਂ

ਨਵੀਂ ਦਿੱਲੀ, 11 ਫਰਵਰੀ (ਇੰਟ.)-ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕੇਂਦਰ ਦੀ ਰਾਜਨੀਤੀ ਦਾ ਸ਼ਿਕਾਰ ਹੋ ਗਿਆ ਹੈ। ਲੋਕਾਂ ਦੇ ਵਿਰੋਧ ਨੂੰ ਦੇਖਦੇ ਹੋਏ ਕੇਂਦਰ ਵਿੱਚ ਸ਼ਾਮਲ ਕਈ ਪਾਰਟੀਆਂ ਇਸ ਮਾਮਲੇ 'ਤੇ ਸਬੰਧਿਤ ਮੰਤਰਾਲੇ ਨਾਲ ਸਹਿਮਤ ਨਹੀਂ ਹਨ। ਕਈ ਕੈਬਨਿਟ ਮੰਤਰੀ ਖੁੱਲ੍ਹੇਆਮ ਇਸ ਦਾ ਵਿਰੋਧ ਕਰ ਰਹੇ ਹਨ। ਇਸ ਹਾਲਤ ਵਿੱਚ ਤੇਲ ਕੀਮਤਾਂ ਵਿੱਚ ਵਾਧੇ ਦੇ ਮਾਮਲਾ ਯੂ. ਪੀ. ਏ. ਚੇਅਰਮੈਨ ਸੋਨੀਆ ਗਾਂਧੀ ਦੇ ਹਵਾਲੇ ਕਰਕੇ ਉਸ ਨੂੰ ਇਸ ਮਾਮਲੇ 'ਤੇ ਫੈਸਲਾ ਲੈਣ ਲਈ ਅਪੀਲ ਕੀਤੀ ਗਈ ਹੈ। ਇਸ ਸੰਬੰਧ ਵਿੱਚ ਕਾਂਗਰਸ ਕੋਰ ਕਮੇਟੀ ਦੀ ਮੀਟਿੰਗ ਵੀ ਬੀਤੀ ਦੇਰ ਰਾਤ ਹੋਈ ਸੀ। ਜਿਸ ਵਿੱਚ ਸਾਰੀਆਂ ਸਹਿਯੋਗੀ ਪਾਰਟੀਆਂ ਨੂੰ ਇਸ ਮਾਮਲੇ ਵਿੱਚ ਸਹਿਮਤ ਕਰਨ 'ਤੇ ਜੋਰ ਦਿੱਤਾ ਗਿਆ ਸੀ। ਇਸੇ ਦੌਰਾਨ ਕਾਂਗਰਸ ਦੇ ਬੁਲਾਰੇ ਅਭਿਸ਼ੇਕ ਸਿੰਘ ਨੇ ਵੀ ਕਿਹਾ ਹੈ ਕਿ ਜੇ ਤੇਲ ਕੀਮਤਾਂ ਵਧਾਈਆਂ ਗਈਆਂ ਤਾਂ ਇਸ ਦਾ ਆਮ ਆਦਮੀ 'ਤੇ ਬਹੁਤ ਘੱਟ ਭਾਰ ਪਾਇਆ ਜਾਵੇਗਾ।

ਕੇਂਦਰ ਕਿਸਾਨਾਂ ਨੂੰ ਗੰਨੇ ਦਾ ਲਾਹੇਵੰਦ ਭਾਅ ਦੇਵੇ-ਸੁਖਬੀਰ ਬਾਦਲ

ਸੁਖਬੀਰ ਸਿੰਘ ਵਾਹਲਾ ਨੇ ਸੂਗਰਫੈੱਡ ਪੰਜਾਬ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

ਮੋਹਾਲੀ, 11 ਫਰਵਰੀ (ਵੀਨਾ ਰਾਜਪੂਤ)-ਪੰਜਾਬ ਸਰਕਾਰ ਵੱਲੋਂ ਨਵ-ਨਿਯੁਕਤ ਕੀਤੇ ਸ. ਸੁਖਬੀਰ ਸਿੰਘ ਵਾਹਲਾ ਨੇ ਐਸ.ਏ.ਐਸ.ਨਗਰ ਸਥਿਤ ਸੂਗਰਫੈੱਡ ਪੰਜਾਬ ਦੇ ਦਫਤਰ ਵਿਖੇ ਸੂਗਰਫੈੱਡ ਪੰਜਾਬ ਦੇ ਚੇਅਰਮੈਨ ਵਜੋਂ ਆਪਣੇ ਅਹੁਦੇ ਦਾ ਕਾਰਜਭਾਰ ਉਪ ਮੁੱਖ ਮੰਤਰੀ ਪੰਜਾਬ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿੱਚ ਸੰਭਾਲਿਆ । ਇਸ ਮੌਕੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਪੰਜਾਬ ਸ੍ਰ: ਸੇਵਾ ਸਿੰਘ ਸੇਖਾਵਾਂ, ਖੇਤੀਬਾੜੀ ਮੰਤਰੀ ਪੰਜਾਬ ਸ੍ਰ: ਸੁੱਚਾ ਸਿੰਘ ਲੰਗਾਹ ਅਤੇ ਸ੍ਰੀ ਐਨ.ਕੇ. ਸ਼ਰਮਾ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਐਸ.ਏ.ਐਸ.ਨਗਰ ਵੀ ਵਿਸ਼ੇਸ਼ ਤੌਰ ਤੇ ਪੁੱਜੇ ਹੋਏ ਸਨ। ਸ੍ਰ: ਵਾਹਲਾ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪੰਜਾਬ ਦੇ ਕਿਸਾਨਾਂ ਨੂੰ ਗੰਨੇ ਦੀ ਕਾਸਤ ਲਈ ਉ_ਤਸਾਹਿਤ ਕਰਨਗੇ। ਉਪ ਮੁੱਖ ਮੰਤਰੀ ਪੰਜਾਬ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆ ਕਿਹਾ ਕਿ ਸੂਗਰਫੈੱਡ ਪੰਜਾਬ ਸਰਕਾਰ ਦਾ ਮਹੱਤਵਪੂਰਨ ਵਿਭਾਗ ਹੈ । ਪੰਜਾਬ ਵਿੱਚ ਖੇਤੀਬਾੜੀ ਵਿੱਚ ਵਿਭਿਨਤਾ ਲਿਆਉਣ ਲਈ ਗੰਨੇ ਦੀ ਕਾਸਤ ਬਹੁਤ ਹੀ ਲਾਹੇਵੰਦ ਹੋ ਸਕਦੀ ਹੈ ☛(ਬਾਕੀ ਸਫਾ 2 'ਤੇ)

ਬਾਦਲ ਵਲੋਂ ਸੂਚਨਾ ਅਧਿਕਾਰ ਐਕਟ ਦਾ ਪੰਜਾਬੀ ਅਨੁਵਾਦ ਰੀਲੀਜ਼

ਚੰਡੀਗੜ੍ਹ 11 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਭਵਨ ਚੰਡੀਗੜ੍ਹ ਵਿਖੇ ਅੱਜ ਹੋਏ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿਚ ਪੰਜਾਬ ਦੇ ਮੁੱਖ ਮੰਤਰੀ ਸ ਪਰਕਾਸ਼ ਸਿੰਘ ਬਾਦਲ ਨੇ ਪੰਜਾਬ ਰਾਜ ਸੂਚਨਾ ਕਮਿਸ਼ਨ ਵਲੋ ਸੂਚਨਾ ਅਧਿਕਾਰ ਐਕਟ-2005 ਪੰਜਾਬੀ ਵਿਚ ਅਨੁਵਾਦ ਕਿਤੇ ਗਏ ਖੂਬਸੂਰਤ ਕਿਤਾਬਚ ਨੂੰ ਰਲੀਜ਼ ਕੀਤਾ। ਸ ਬਾਦਲ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਇਸ ਭਾਵ ਪੂਰਨ ਉਪਰਾਲੇ ਸਦਕਾ ਹੁਣ ਆਮ ਪੰਜਾਬੀ ਵੀ ਸਰਕਾਰ ਦੇ ਕੰਮ ਕਾਜ ਨੂੰ ਪਾਰਦਰਸ਼ੀ ਤੇ ਜਵਾਬ ਦੇਹ ਬਨਾਉਣ ਦੇ ਅਮਲ ਵਿਚ ਸ਼ਾਮਲ ਹੋ ☛(ਬਾਕੀ ਸਫਾ 2 'ਤੇ)

ਲਾਂਸ ਨਾਇਕ ਗੁਰਪ੍ਰੀਤ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

ਅੰਮ੍ਰਿਤਸਰ/ਮਜੀਠਾ, 11 ਫਰਵਰੀ (ਮੋਤਾ ਸਿੰਘ/ਸ਼ੁਭਾਸ ਮਜੀਠਾ))- ਗੁਲਮਰਗ ਖੇਤਰ ਵਿੱਚ ਫੌਜੀ ਅਭਿਆਸ ਕਰਦੇ ਬਰਫ਼ ਦਾ ਵੱਡਾ ਤੋਦਾ ਡਿਗਣ ਨਾਲ ਸ਼ਹੀਦ ਹੋਏ 8 ਸਿੱਖ ਲਾਈਟ ਇਨਫੈਨਟਰੀ ਦੇ ਮਜੀਠਾ ਹਲਕੇ ਦੇ ਲਾਸ ਨਾਇਕ ਗੁਰਪ੍ਰੀਤ ਸਿੰਘ ਦਾ ਅੱਜ ਉਨ੍ਹਾਂ ਦੇ ਜੱਦੀ ਪਿੰਡ ਮਜੀਠਾ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਤਾ ਨੂੰ ਉਨ੍ਹਾਂ ਦੇ ਪਿਤਾ ਸ੍ਰੀ ਸੁਖਵਿੰਦਰ ਸਿੰਘ ਨੇ ਅਗਨੀ ਵਿਖਾਈ। ਇਸ ਮੌਕੇ ਜਵਾਨਾਂ ਦੇ ਇਕ ਦਸਤੇ ਨੇ ਹਥਿਆਰ ਉਲਟੇ ਕਰਕੇ ਸ਼ਹੀਦ ਗੁਰਪ੍ਰੀਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ। ਮ੍ਰਿਤ ਫੌਜੀ ਜਵਾਨ ਆਪਣੇ ਪਿਛੇ ਬਜ਼ੁਰਗ ਮਾਪਿਆਂ, ਦੋ ਭੈਣਾਂ ਅਤੇ ਦੋ ਭਰਾਵਾਂ ਨੂੰ ਛੱਡ ਗਿਆ। ਇਸ ਮੌਕੇ ਹਲਕਾ ਵਿਧਾਇਕ ਸ. ਬਿਕਰਮ ਸਿੰਘ ਮਜੀਠੀਆ ਨੇ ਸ਼ਹੀਦ ਨੂੰ ਪੰਜਾਬ ਸਰਕਾਰ ਵੱਲੋਂ, ਉਪ ਮੰਡਲ ਮੈਜਿਸਟ੍ਰੇਟ, ਅੰਮ੍ਰਿਤਸਰ ਸ਼੍ਰੀ ਸੰਦੀਪ ਰਿਸ਼ੀ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋ, ਸ. ਰਾਜ ਮਹਿੰਦਰ ਸਿੰਘ ਮਜੀਠਾ, ਐਮ.ਪੀ, ਡਿਪਟੀ ਕਮਾਂਡੈਂਟ ਕਰਨਲ ਆਰ ਐਸ ਭੱਟੀ ਤੇ ਸ਼੍ਰੀ ਰਜਿੰਦਰ ਕੁਮਾਰ ਜੈਂਤੀਪੁਰ, ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ਨੇ ਸ਼ਰਧਾਂਜਲੀ ਭੇਂਟ ਕੀਤੀ। 25 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਆਪਣੇ ਜੀਵਨ ਨੂੰ ਦੇਸ਼ ਦੇ ਲੇਖੇ ਲਾ ਗਏ ਇਸ ਨੌਜਵਾਨ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਪਹੁੰਚੇ। ਇਸ ਮੌਕੇ ਸ. ਮਜੀਠੀਆ ਨੇ ਕਿਹਾ ਕਿ ਪੰਜਾਬ ਸ਼ਹੀਦਾਂ ਦੀ ਧਰਤੀ ਹੈ। ਪੰਜਾਬ ਦਾ ਰਕਬਾ ਦੇਸ਼ ਦੇ ਕੁਲ ਰਕਬੇ ਵਿੱਚੋਂ ਤਕਰੀਬਨ 2 ਫੀਸਦੀ ਹੈ ਪਰ ਦੇਸ਼ ਲਈ ਕੁਰਬਾਨੀਆਂ ਦੇਣ ਵਿੱਚ ਪੰਜਾਬ ਦਾ 90 ਫੀਸਦੀ ਤੋਂ ਵੱਧ ਯੋਗਦਾਨ ਹੈ। ਉਨ੍ਹਾ ਦੱਸਿਆ ਕਿ ਹਲਕਾ ਮਜੀਠਾ ਦੇ ਨੌਜਵਾਨਾਂ ਨੇ ਵੀ ਦੇਸ਼ ਦੀ ਰੱਖਿਆ ਲਈ ਵੱਡਾ ਯੋਗਦਾਨ ☛(ਬਾਕੀ ਸਫਾ 2 'ਤੇ)

ਵਿਧਾਨ ਸਭਾਵਾਂ ਅਤੇ ਸੰਸਦ ਦੀਆ ਬੈਠਕਾਂ ਵਧਾਉਣਾ ਸਮੇਂ ਦੀ ਲੋੜ

ਵਿਪ ਕਾਨਫਰੰਸ ਦੀ ਸਮਾਪਤੀ 'ਤੇ 10 ਅਹਿਮ ਮਤੇ ਪਾਸ

ਚੰਡੀਗੜ੍ਹ 11 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)-15 ਆਲ ਇੰਡੀਆ ਵਿਪ ਕਾਨਫਰੰਸ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਅਤੇ ਵਿਕਾਸ ਦੇ ਮੁੱਦਿਆਂ 'ਤੇ ਵਿਚਾਰ ਕਰਨ ਲਈ ਵਿਧਾਨ ਸਭਾਵਾਂ ਅਤੇ ਲੋਕ ਸਭਾ ਦੀਆਂ ☛(ਬਾਕੀ ਸਫਾ 2 'ਤੇ)

ਅੱਜ ਦੀ ਆਵਾਜ਼ ਦੇ ਸੰਪਾਦਕ ਯੂ.ਏ.ਈ.ਦੇ ਦੌਰੇ 'ਤੇ

ਜਲੰਧਰ, 11 ਫਰਵਰੀ (ਮਲਕੀਤ ਸਿੰਘ ਬਰਾੜ)-ਰੋਜ਼ਾਨਾ ਅੱਜ ਦੀ ਆਵਾਜ਼ ਦੇ ਕਾਰਜਕਾਰੀ ਸੰਪਾਦਕ ਬਲਜੀਤ ਸਿੰਘ ਬਰਾੜ ਸੰਗਤ ਦੇ ਸੱਦੇ ਉੱਪਰ ਸੰਯੁਕਤ ਅਰਬ ਅਮੀਰਾਤ (ਡੁੱਬਈ) ਦੇ ਦੌਰੇ 'ਤੇ ਗਏ ਹਨ। ਉਹ 22 ਫਰਵਰੀ ਨੂੰ ਵਾਪਸ ਮੁੜਨਗੇ। ਉਹ ਅੱਜ ਸਵੇਰੇ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਡੁੱਬਈ ਲਈ ਰਵਾਨਾ ਹੋਏ। ਦੌਰੇ ਦੌਰਾਨ ਉਨ੍ਹਾਂ ਦੇ ਭਾਰਤੀ ਟੈਲੀਫੋਨ ਨੰਬਰ ਬੰਦ ਰਹਿਣਗੇ।

ਅਬੋਹਰ ਬਰਾਂਚ ਕੈਨਾਲ 10 ਦਿਨਾਂ ਲਈ ਬੰਦ

ਚੰਡੀਗੜ੍ਹ, 11 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)-ਫਸਲਾਂ ਅਤੇ ਮੌਸਮ ਨੂੰ ਮੁੱਖ ਰੱਖਦਿਆਂ ਹੋਇਆ ਸਿੰਚਾਈ ਵਿਭਾਗ, ਪੰਜਾਬ ਨੇ ਇਕ ਅਧਿਸੂਚਨਾ ਜਾਰੀ ਕਰਕੇ ਅਬੋਹਰ ਬਰਾਂਚ ਕੈਨਾਲ 10 ਦਿਨਾਂ ਲਈ 16 ਤੋਂ 25 ਫਰਵਰੀ (ਦੋਵੇਂ ਦਿਨ ਸ਼ਾਮਿਲ) ਤੱਕ ਬੰਦ ਕੀਤੀ ਹੈ।

ਹੁਣ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਬੱਸ ਕਿਰਾਏ ਭਾੜੇ ਵਿੱਚ ਵਾਧਾ

ਚੰਡੀਗੜ੍ਹ, 11 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਸਰਕਾਰ ਵੱਲੋਂ ਬੱਸਾਂ ਦੇ ਕਿਰਾਏ ਭਾੜੇ ਵਿੱਚ ਵਾਧਾ ਕਰਨ ਤੋਂ ਬਾਅਦ ਹੁਣ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਵੀ ਸੀ.ਟੀ. ਯੂ. ਦੀਆਂ ਬੱਸਾਂ ਦਾ ਕਿਰਾਇਆ ਭਾੜਾ ਵਧਾਇਆ ਜਾ ਰਿਹਾ ਹੈ। ਪ੍ਰਸ਼ਾਸਨ ਨੇ ਕਿਰਾਏ ਭਾੜੇ ਵਿੱਚ ਵਾਧਾ ਕਰਨ ਦਾ ਫੈਸਲਾ ਲੈ ਲਿਆ ਹੈ। ਇਸ ਸੰਬੰਧੀ ਪ੍ਰਸ਼ਾਸਨ ਦੇ ਸਲਾਹਕਾਰ ਦੀ ਅਗਵਾਈ ਵਿੱਚ ਇਸ ਸੰਬੰਧੀ ਬੈਠਕ ਹੋਈ, ਜਿਸ ਵਿੱਚ ਕਿਰਾਏ ਭਾੜੇ ਨੂੰ ਵਧਾਉਣ ਦਾ ਫੈਸਲਾ ਲਿਆ ਗਿਆ। ਪ੍ਰਸ਼ਾਸਨ ਵੱਲੋਂ ਪਹਿਲਾਂ ਲੋਕਲ ਬੱਸਾਂ ਦੇ ਕਿਰਾਏ ਭਾੜੇ ਵਿੱਚ ਪਹਿਲਾਂ ਵਾਧਾ ਕੀਤਾ ਜਾ ਰਿਹਾ ਹੈ। ਜਿਹੜਾ ਹੁਣ ਪੰਜ ਰੁਪਏ ਹੈ, ਉਸ ਨੂੰ ਵਧਾ ਕੇ 10 ਰੁਪਏ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਮਿੰਨੀ ਡੀਲੈਕਸ ਏਅਰ ਕੰਡੀਸ਼ਨ ਬੱਸਾਂ ਵਿੱਚ ਕਿਰਾਇਆ 10 ਰੁਪਏ ਤੋਂ ਵਧਾ ਕੇ 15 ਰੁਪਏ ਕੀਤੇ ਜਾਣ ਦਾ ਫੈਸਲਾ ਕੀਤਾ ਹੈ। ਪਹਿਲੇ 5 ਕਿੱਲੋ ਮੀਟਰ ਤੱਕ ਸਾਧਾਰਨ ਅਤੇ ਡੀਲੈਕਸ ਏਅਰ ਕੰਡੀਸ਼ਨ ਬੱਸਾਂ ਦੇ ਕਿਰਾਏ ਪਹਿਲਾਂ ਦੀ ਤਰ੍ਹਾਂ ਹੀ ਹੋਣਗੇ। 5 ਕਿੱਲੋਮੀਟਰ ਤੋਂ ਜ਼ਿਆਦਾ ਸਫਰ ਕਰਨ 'ਤੇ ਮੁਸਾਫਰ ਨੂੰ ਜ਼ਿਆਦਾ ਕਿਰਾਇਆ ਅਦਾ ਕਰਨਾ ਪਵੇਗਾ। ਦੱਸਿਆ ਗਿਆ ਕਿ ਸੀ.ਟੀ.ਯੂ. ਨੇ ਪ੍ਰਸ਼ਾਸਨ ਨੂੰ ਕਿਰਾਇਆ ਵਧਾਉਣ ਦਾ ਪ੍ਰਸਤਾਵ ਕੁਝ ਮਹੀਨੇ ਪਹਿਲਾਂ ਭੇਜਿਆ ਸੀ, ਉਦੋਂ ਤੋਂ ਹੀ ਸੀ.ਟੀ.ਯੂ. ਲੱਖਾਂ ਰੁਪਏ ਮਹੀਨਾ ਘਾਟੇ ਵਿੱਚ ਜਾ ਰਹੀ ਹੈ। ☛(ਬਾਕੀ ਸਫਾ 2 'ਤੇ)

ਘੁਸਪੈਠ ਦਾ ਵਾਰਤਾ 'ਤੇ ਅਸਰ ਨਹੀਂ ਹੋਵੇਗਾ- ਐਂਟੋਨੀ

ਨਵੀਂ ਦਿੱਲੀ, 11 ਫਰਵਰੀ (ਵਿਸ਼ਵ ਵਾਰਤਾ)-ਭਾਰਤ ਨੇ ਅੱਜ ਕਿਹਾ ਕਿ ਸਰਹੱਦ ਪਾਰੋਂ ਅੱਤਵਾਦੀਆਂ ਦੀ ਘੁਸਪੈਠ ਵਿੱਚ ਵਾਧਾ ਅਤੇ ਗੁਆਂਢੀ ਦੇਸ਼ ਦੀ ਧਰਤੀ ਤੋਂ ਚਲ ਰਹੇ ਅੱਤਵਾਦੀ ਸਮੂਹ ਨੂੰ ਤਬਾਹ ਕਰਨ ਵਿੱਚ ਇਸਲਾਮੀ ਦੇਸ਼ ਦੀ ਅਸਫ਼ਲਾ ਦੇ ਬਾਵਜੂਦ ਪਾਕਿਸਤਾਨ ਦੇ ਨਾਲ ਉਸ ਦੀ ਵਿਦੇਸ਼ ਸਕੱਤਰ ਪੱਧਰ ਦੀ ਵਾਰਤਾ 'ਤੇ ਕੋਈ ਅਸਰ ਨਹੀਂ ਪਵੇਗਾ। ਰੱਖਿਆ ਮੰਤਰੀ ਏ.ਕੇ. ਐਂਟੋਨੀ ਨੇ ਹਾਲਾਂਕਿ ਕਿਹਾ ਕਿ ਪਾਕਿਸਤਾਨ ਨੇ ਭਾਰਤ ਦੀ ਇੱਛਾ ਦੇ ਅਨੁਕੂਲ ਮੁੰਬਈ ਹਮਲੇ ਲਈ ਜ਼ਿੰਮੇਵਾਰ ਅੱਤਵਾਦੀਆਂ ਖ਼ਿਲਾਫ ਕੁਝ ਕਾਰਵਾਈ ਕੀਤੀ ਹੈ ਅਤੇ ਇਸ ਲਈ ਭਾਰਤ ਨੇ ਗੱਲਬਾਤ ਦੀ ਰਾਹ ਵਿੱਚ ਅੱਗੇ ਵੱਧਣ ਦਾ ਫੈਸਲਾ ਕੀਤਾ ਹੈ। ਐਂਟੋਨੀ ਨੇ ਪੱਤਰਕਾਰਾਂ ਨੂੰ ਕਿਹਾ- ਇਹ (ਘੁਸਪੈਠ ਅਤੇ ਅੱਤਵਾਦੀ ਸੰਗਠਨਾਂ ਨੂੰ ਤਬਾਹ ਕਰਨ ਵਿੱਚ ਅਸਫ਼ਲਤਾ) ਸਾਡੀ ਗੱਲਬਾਤ ਜਾਂ ਬੈਠਕ ਨੂੰ ਪ੍ਰਭਾਵਿਤ ਨਹੀਂ ਕਰੇਗੀ। ਉਹਨਾਂ ਕਿਹਾ ਕਿ ਅਸੀਂ ਪੂਰੀ ਤਰ੍ਹਾਂ ਪਾਕਿਸਤਾਨ ਵੱਲੋਂ ਕੀਤੀ ਗਈ ਕਾਰਵਾਈ ਨੂੰ ਲੈ ਕੇ ਸੰਤੁਸ਼ਟ ਨਹੀਂ ਹਨ ਪ੍ਰੰਤੂ ਸਾਡਾ ਮੰਨਣਾ ਹੈ ਕਿ ਉਹਨਾਂ ਨੇ ਸਾਡੀ ਇੱਛਾ ਦੇ ਅਨੁਸਾਰ ਕੁਝ ਕਾਰਵਾਈ ਕੀਤੀ ਹੈ।

ਕੈਂਸਰ ਦੇ ਇਲਾਜ ਲਈ ਬਠਿੰਡਾ, ਮੁਹਾਲੀ ਵਿਖੇ ਵੱਡੇ ਹਸਪਤਾਲ ਬਣਾਏ ਜਾਣਗੇ-ਸੋਹਲ

ਚੰਡੀਗੜ੍ਹ, 11 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਕੈਂਸਰ ਰੋਗ ਦੀ ਰੋਕਥਾਮ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਕੌਮੀ ਕੈਂਸਰ ਰੋਕਥਾਮ ਪ੍ਰੋਗਰਾਮ ਸੰਬੰਧੀ ਅੱਜ ਸਤੀਸ਼ ਚੰਦਰਾ ਪ੍ਰੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵੱਲੋਂ ਉੱਚ ਅਧਿਕਾਰੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਡਾ. ਐੱਸ.ਪੀ. ਐੱਸ. ਸੋਹਲ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਸਰਕਾਰ ਨੇ ਪੀ.ਜੀ.ਆਈ. ਚੰਡੀਗੜ੍ਹ ਵਿਖੇ ਪੰਜਾਬ ਦਾ ਰੀਜਨਲ ਸੈਂਟਰ ਸਥਾਪਿਤ ਕੀਤਾ ਗਿਆ ਹੈ। ਸਟੇਟ ਪਬਲਿਕ ਹੈੱਲਥ ਲੈਬਾਰਟਰੀ ਵਿੱਚ ਹੁਣ ਹੈਵੀਮੈਟ ਟੈਸਟਿੰਗ ਸ਼ੁਰੂ ਕਰ ਦਿੱਤੀ ਗਈ ਹੈ। ਅੰਮ੍ਰਿਤਸਰ 7, ਬਠਿੰਡਾ 16, ਫਰੀਦਕੋਟ 10, ਹੁਸ਼ਿਆਰਪੁਰ 13, ਲੁਧਿਆਣਾ 5, ਮੁਕਤਸਰ 5, ਰੋਪੜ 7, ਐੱਸ.ਏ.ਐੱਸ. ਨਗਰ ਮੁਹਾਲੀ 9, ਸੰਗਰੂਰ 17 ਅਤੇ ਕੁੱਲ 91 ਸੈਂਪਲ ਲਏ ਗਏ, ਜਿਨ੍ਹਾਂ 'ਚੋਂ ਅਜੇ ਤੱਕ ਅਜਿਹਾ ਕੋਈ ਸੈਂਪਲ ਨਹੀਂ ਆਇਆ, ਜਿਸ ਵਿੱਚ ਕੈਂਸਰ ਰੋਗ ਸੰਬੰਧੀ ਕੋਈ ਜ਼ਹਿਰੀਲਾ ਮਾਦਾ ਪਾਇਆ ਗਿਆ ਹੋਵੇ। ਡਾ. ਸੋਹਨ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਵਲ ਹਸਪਤਾਲ ਬਠਿੰਡਾ ਅਤੇ ਮੁਹਾਲੀ ਵਿਖੇ ਕੈਂਸਰ ਰੋਗ ਦੇ ਇਲਾਜ ਲਈ ਇੱਕ ਵੱਡਾ ਹਸਪਤਾਲ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਅਤੇ ਸ੍ਰੀ ਗੁਰੂ ☛(ਬਾਕੀ ਸਫਾ 2 'ਤੇ)

ਸ਼ਿਵਸੈਨਾ ਨੂੰ ਨਹੀਂ ਕਿਹਾ ਬਾਂਦਰ ਸੈਨਾ- ਕਾਜੋਲ

ਮੁੰਬਈ, 11 ਫਰਵਰੀ (ਵਿਸ਼ਵ ਵਾਰਤਾ)-ਬਾਲੀਵੁੱਡ ਅਦਾਕਾਰਾ ਅਤੇ 'ਮਾਈ ਨੇਮ ਇਜ਼ ਖਾਨ' ਵਿੱਚ ਸ਼ਾਹਰੁਖ ਖਾਨ ਦੀ ਪਤਨੀ ਦੀ ਭੂਮਿਕਾ ਨਿਭਾਉਣ ਵਾਲੀ ਕਾਜੋਲ ਨੇ ਸ਼ਿਵਸੈਨਾ ਨੂੰ 'ਬਾਂਦਰ ਸੈਨਾ' ਕਹਿਣ ਤੋਂ ਇਨਕਾਰ ਕੀਤਾ ਹੈ। ਇਸ ਤੋਂ ਪਹਿਲਾਂ ਟਵਿੱਟਰ 'ਤੇ ਕਾਜੋਲ ਦੇ ਇੱਕ ਫਰਜ਼ੀ ਅਕਾਊਂਟ ਦੇ ਜ਼ਰੀਏ ਠਾਕਰੇ ਦੀ ਪਾਰਟੀ ਸ਼ਿਵਸੈਨਾ ਨੂੰ 'ਬਾਂਦਰ ਸੈਨਾ' ਕਰਾਰ ਦਿੱਤਾ ਗਿਆ। ਟਵਿੱਟਰ 'ਤੇ ਸ਼ਿਵਸੈਨਾ ਵੱਲ ਇਸ਼ਾਰਾ ਕਰਦਿਆਂ ਕਿਹਾ ਗਿਆ ਸੀ ਕਿ ਜਦੋਂ ਅਸੀਂ ਮੁੰਬਈ ਪਰਤਾਂਗਾ ਤਾਂ ਉਮੀਦ ਹੈ ਕਿ ਬਾਂਦਰ ਸੈਨਾ ਸਾਨੂੰ ਨਹੀਂ ਰੋਕੇਗੀ। ਟਵਿੱਟਰ 'ਤੇ ਕਾਜੋਲ ਦੇ ☛(ਬਾਕੀ ਸਫਾ 2 'ਤੇ)

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਹਾੜਾ ਮਨਾਉਣ ਲਈ ਅੱਜ ਸ੍ਰੀ ਫਤਿਹਗੜ੍ਹ ਸਾਹਿਬ ਪਹੁੰਚੋ-ਗੁਰਚਰਨ ਸਿੰਘ

ਫਿਰੋਜ਼ਪੁਰ, 11 ਫਰਵਰੀ (ਜੀ ਐੱਸ ਕਾਲੜਾ)-ਸ਼੍ਰੋਮਣੀ ਅਕਾਲੀ ਦਲ (ਅ) ਦੇ ਜਨਰਲ ਸਕੱਤਰ ਅਤੇ ਪ੍ਰਧਾਨ ਡਾਕੂਮੈਂਟ ਰਾਈਟਰ ਸ੍. ਗੁਰਚਰਨ ਸਿੰਘ ਭੁੱਲਰ ਸਾਬਕਾ ਸਰਪੰਚ ਸਤੀਏ ਵਾਲਾ ਨੇ ਫਿਰੋਜ਼ਪੁਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਸਿਪਾਹੀ ਅਤੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਦਾ ਜਨਮ ਦਿਹਾੜਾ ਮਨਾਉਣ ਲਈ ਸਮੂਹ ਪੰਥ ਦਰਦੀਆਂ ਨੂੰ 12 ਫਰਵਰੀ 2010 ਨੂੰ ਫਤਿਹਗੜ੍ਹ ਸਾਹਿਬ ਵਿਖੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੰਤ ਜੀ ਨੇ ਸਿੱਖਾਂ ਨੂੰ ਬਿਪਰਵਾਦੀ ਤਾਕਤਾਂ ਦੇ ਚੁਗਲ ਵਿੱਚੋਂ ਕੱਢ ਕੇ ਗੁਰੂ ਸਾਹਿਬਾਨ ਵੱਲੋਂ ਦਿੱਤੀ ਜਾ ਰਹੀ ਖਾਲਸੇ ਦੀ ਆਜ਼ਾਦ ਹਸਤੀ ਨੂੰ ਜਿਉਣ ਦਾ ਢੰਗ ਸਿਖਾਇਆ ਦਾ ਜਨਮ ਦਿਹਾੜਾ ਮਨਾਉਣ ਲਈ ਜ਼ਰੂਰ ਪਹੁੰਚੋ। ਇਸ ਮੌਕੇ ਸਰਪੰਚ ਜਸਬੀਰ ਸਿੰਘ ਜੱਸਾ, ਅੰਗਰੇਜ਼ ਸਿੰਘ ਫੌਜੀ ਜ਼ਿਲ੍ਹਾ ਇੰਚਾਰਜ, ਹਰਜਿੰਦਰ ਸਿੰਘ ਚਾਨਾ, ਦਰਸ਼ਨ ਸਿੰਘ ਦਿਓਲ, ਸੁੱਚਾ ਸਿੰਘ, ਬਲਵਿੰਦਰ ਸਿੰਘ, ਬੋਹੜ ਸਿੰਘ, ਬਲਬੀਰ ਸਿੰਘ ਕੁੰਡੇ, ਅਵਤਾਰ ਸਿੰਘ, ਗਿਆਨ ਸਿੰਘ ਮੰਡ ਆਦਿ ਮੌਜੂਦ ਸਨ।

ਕੁਹਾੜਾ ਤੋਂ ਗੁਰਨਾਮ ਅਨੁਸਾਰ-: ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਕਿਸਾਨ ਵਿੰਗ ਦੇ ਪ੍ਰਧਾਨ ਪ੍ਰੀਤਮ ਸਿੰਘ ਮਾਨਗੜ੍ਹ ਤੇ ਸਾਹਨੇਵਾਲ ਸਰਕਲ ਦੇ ਪ੍ਰਧਾਨ ਬਲਜਿੰਦਰ ਸਿੰਘ ਪਾਂਗਲੀ ਨੇ ਪੱਤਰਕਾਰਾਂ ਨਾਲ ਗੱਲਬਾਲ ਕਰਦਿਆਂ ਦੱਸਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਸਬੰਧੀ ਸ਼ੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ 12 ਫਰਵਰੀ ਨੂੰ ਫਤਿਹਗੜ੍ਹ ਸਾਹਿਬ ਵਿਖ ☛(ਬਾਕੀ ਸਫਾ 2 'ਤੇ)

ਅੰਗਹੀਣਤਾ ਸਰਟੀਫਿਕੇਟ ਵਾਸਤੇ ਹੁਣ ਇੱਕ ਹੀ ਡਾਕਟਰ ਦੇ ਦਸਤਖ਼ਤ ਕਾਫੀ

ਨਵੀਂ ਦਿੱਲੀ, 11 ਫਰਵਰੀ (ਵਿਸ਼ਵ ਵਾਰਤਾ)-ਅੰਗਹੀਣ ਵਿਅਕਤੀਆਂ ਨੂੰ ਸਰਟੀਫਿਕੇਟ ਦੇਣ ਦੀ ਪ੍ਰਕ੍ਰਿਆ ਨੂੰ ਸਰਲ ਬਣਾਉਣ ਵਾਸਤੇ 1996 ਦੇ ਕਾਨੂੰਨ ਵਿੱਚ ਸੋਧ ਕੀਤੀ ਗਈ ਹੈ। ਬਹੁਪੱਖੀ ਅੰਗਹੀਣਤਾ ਦੇ ਮਾਮਲੇ ਨੂੰ ਛੱਡ ਕੇ ਹੁਣ ਅੰਗਹੀਣ ਸਰਟੀਫਿਕੇਟ ਲੈਣ ਵਾਸਤੇ ਇੱਕ ਹੀ ਡਾਕਟਰ ਦੇ ਦਸਤਖ਼ਤ ਲਏ ਜਾਣੇ ਕਾਫੀ ਹੋਣਗੇ। ਇਹ ਜਾਣਕਾਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਸ਼੍ਰੀ ਮੁਕੁਲ ਵਾਸਨਿਕ ਨੇ ਅੱਜ ਨਵੀਂ ਦਿੱਲੀ ਵਿੱਚ ਅੰਗਹੀਣ ਵਿਅਕਤੀਆਂ ਬਾਰੇ ਸਥਾਪਿਤ ਕਮਿਸ਼ਨਰਾਂ ਦੀ ਨੌਵੀਂ ਰਾਸ਼ਟਰੀ ਮੀਟਿੰਗ ਦਾ ਉਦਘਾਟਨ ਕਰਦਿਆਂ ਦਿੱਤੀ। ਉਨ੍ਹਾਂ ਨੇ ਕਮਿਸ਼ਨਰਾਂ ਨੂੰ ਆਪਣੇ-ਆਪਣੇ ਰਾਜਾਂ ਦੀਆਂ ਸਰਕਾਰਾਂ ਨਾਲ ਕਾਨੂੰਨ ਵਿੱਚ ਹੋਈ ਸੋਧ ਬਾਰੇ ਲੋੜੀਂਦਾ ਨੋਟੀਫਿਕੇਸ਼ਨ ਜਾਰੀ ਕਰਨ ਲਈ ਕਿਹਾ । ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਤਰਾਲੇ ਦੇ ਰਾਜ ਮੰਤਰੀ ਸ਼੍ਰੀ ਡੀ.ਨਿਪੋਲੀਅਨ ਨੇ ਹਰੇਕ ਜ਼ਿਲ੍ਹੇ ਵਿੱਚ ਅੰਗਹੀਣਾਂ ਨੂੰ ਵੱਖ ਵੱਖ ਕਿੱਤਿਆਂ ਦੀ ਸਿਖਲਾਈ ਦੇਣ ਵਾਸਤੇ ਸਿਖਲਾਈ ਕੇਂਦਰ ਖੋਲ੍ਹੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਮਿਸ਼ਨਰਾਂ ਨੂੰ ਸਲਾਹ ਦਿੱਤੀ ਕਿ ਜਿਹੜੇ ਖੇਤਰਾਂ ਵਿੱਚ ਅੰਗਹੀਣਤਾ ਨਾਲ ਸਬੰਧਤ ਵਿਅਕਤੀਆਂ ਨੂੰ ਸਰਟੀਫਿਟ ਜਾਰੀ ਕੀਤੇ ਜਾਣੇ ਬਾਕੀ ਹਨ ਉਥੇ ਵਿਸ਼ੇਸ਼ ਕੈਂਪ ਲਗਾਏ ਜਾਣ ਤਾਂ ਕਿ ਯੋਗ ਵਿਅਕਤੀਆਂ ਨੂੰ ਇੱਕ ਮਿੱਥੇ ਸਮੇਂ ਵਿੱਚ ਅੰਗਹੀਣਤਾ ਸਰਟੀਫਿਕੇਟ ਜਾਰੀ ਕੀਤੇ ਜਾ ਸਕਣ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿੱਚ ਦਸਤਾਰਬੰਦੀ ਤੇ ਬਾਸਕਿਟ ਬਾਲ ਮੁਕਾਬਲੇ ਕਰਵਾਏ

ਜੇਤੂਆਂ ਨੂੰ ਕੈਪਟਨ ਹਰਚਰਨ ਸਿੰਘ ਰੋਡੇ ਤੇ ਹੋਰ ਵੱਖ ਵੱਖ ਸ਼ਖ਼ਸ਼ੀਅਤਾਂ ਨੇ ਇਨਾਮ ਵੰਡੇ

ਸਮਾਲਸਰ, 11 ਫਰਵਰੀ-(ਭੁਪਿੰਦਰ ਸਿੰਘ ਕੰਵਲਜੀਤ ਸਿੰਘ)- ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ ਪਿੰਡ ਰੋਡੇ (ਮੋਗਾ) ਵਿਖੇ ਦਸਤਾਰਬੰਦੀ ਮੁਕਾਬਲੇ ਅਤੇ ਬਾਸਕਿਟ ਬਾਲ ਦੇ ਮੁਕਾਬਲੇ ਕਰਵਾਏ ਗਏ। ਜਿਸ ਦੇ ਨਤੀਜੇ ਇਸ ਪ੍ਰਕਾਰ ਰਹੇ। ਦਸਤਾਰਬੰਦੀ ਮੁਕਾਬਲਿਆਂ ਵਿੱਚ ਅਮੋਲਕ ਸਿੰਘ ਲੰਗੇਆਨਾ ਕਲਾਂ ਪਹਿਲੇ, ਇੰਦਰਜੀਤ ਸਿੰਘ ਸਮਾਲਸਰ ਦੂਜੇ ਸਥਾਨ ਅਤੇ ਹਰਜਿੰਦਰ ਸਿੰਘ ਸਮਾਲਸਰ, ਜਸਵੰਤ ਸਿੰਘ ਰੋਡੇ, ਨਿਰਭੈ ਸਿੰਘ ਰੋਡੇ, ਤਿੰਨੋ ਸਾਂਝੇ ਰੂਪ ਵਿੱਚ ਤੀਜੇ ਸਥਾਨ 'ਤੇ ਰਹੇ। ਦਸਤਾਰਬੰਦੀ ਦੇ ਜੇਤੂਆਂ ਦੀ ਚੋਣ ਭਾਈ ਦਰਸ਼ਨ ਸਿੰਘ ਟਕਸਾਲੀ, ਮਨਜਿੰਦਰ ਸਿੰਘ ਬਰਾੜ, ਭਾਈ ਬਲਵਿੰਦਰ ਸਿੰਘ, ਮਾਸਟਰ ਜਸਵੀਰ ਸਿੰਘ ਜੈਸੀ, ਭਾਈ ਜਗਸੀਰ ਸਿੰਘ ਜੱਗਾ ਅਧਾਰਿਤ ਜੱਜਾਂ ਨੇ ਕੀਤੀ। ਇਸ ਸਮੇਂ ਬਾਸਕਿਟ ਬਾਲ ਅਤੇ ਦਸਤਾਰਬੰਦੀ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਤਕਸੀਮ ਕਰਨ ਦੀ ਰਸਮ ਕੈਪਟਨ ਹਰਚਰਨ ਸਿੰਘ ਰੋਡੇ, ਭਾਈ ਹਰਜੀਤ ਸਿੰਘ ਸਰਪੰਚ ਗੁਰੂਪੁਰਾ, ਭਾਈ ਜਗਤਾਰ ਸਿੰਘ ਰੋਡੇ, ਭਾਈ ਨਛੱਤਰ ਸਿੰਘ ਸਰਪੰਚ ਰੋਡੇ, ਕੋਚ ਦਰਸ਼ਨਪਾਲ ਫਰੀਦਕੋਟ, ਭਾਈ ਚਮਕੌਰ ਸਿੰਘ ਮੈਂਬਰ, ਭਾਈ ਜਗਮੀਤ ਸਿੰਘ ਬੂਟਾ, ਭਾਈ ਕੁਲਵੰਤ ਸਿੰਘ ਗਿੱਲ, ਸ. ਜਗਸੀਰ ਸਿੰਘ ਸ਼ੀਰਾ ਸਰਪੰਚ, ਸਤਵਿੰਦਰ ਸਿੰਘ ਸੱਤਾ, ਭਾਈ ਲਖਵਿੰਦਰ ਸਿੰਘ ਪ੍ਰਧਾਨ ਆਦਿ ਨੇ ਅਦਾ ਕੀਤੀ। ਇਸ ਸਮੇਂ ਪਿੰਡ ਅਤੇ ਇਲਾਕੇ ਦੇ ਪਤਵੰਤੇ ਵਿਅਕਤੀ ਵੀ ਹਾਜ਼ਰ ਸਨ। ਬਾਸਕਿਟ ਬਾਲ ਫਰੀਦਕੋਟ ਆਰਮੀ, ਸੁਖਾਨੰਦ, ਸਮਾਲਸਰ ਫਰੀਦਕੋਟ ਅਤੇ ਬਾਜਾਖਾਨਾ ਟੀਮਾਂ ਦੇ ਬਾਸਕਿਟ ਬਾਲ ਦੇ ਫਸਵੇਂ ਮੁਕਾਬਲੇ ਕਰਵਾਏ ਗਏ। ਖਬਰ ਲਿਖੇ ਜਾਣ ਤੱਕ ਟੀਮਾਂ ਦੇ ਆਪਸੀ ਮੁਕਾਬਲੇ ਜਾਰੀ ਸਨ, ਜਿਨ੍ਹਾਂ ਨੂੰ ਭਾਰੀ ਗਿਣਤੀ ਵਿੱਚ ਪਹੁੰਚੇ ਦਰਸ਼ਕ ਤਾੜੀਆਂ ਮਾਰ ਕੇ ਹੌਂਸਲਾ ਅਫਜਾਈ ਦੇ ਰਹੇ ਸਨ।

ਪੀ.ਜੀ.ਆਈ. ਚੰਡੀਗੜ੍ਹ ਵਿੱਚ ਵੱਖ-ਵੱਖ ਕੋਰਸਾਂ ਲਈ ਸੀਟਾਂ ਵਧਾਏ ਜਾਣ ਨੂੰ ਮਨਜ਼ੂਰੀ

ਨਵੀਂ ਦਿੱਲੀ, 11 ਫਰਵਰੀ (ਵਿਸ਼ਵ ਵਾਰਤਾ)-ਆਰਥਿਕ ਮਾਮਲਿਆਂ ਬਾਰੇ ਮੰਤਰੀ ਮੰਡਲ ਕਮੇਟੀ ਨੇ ਪੀ.ਜੀ.ਆਈ.ਚੰਡੀਗੜ੍ਹ ਵਿੱਚ ਹੋਰ ਪੱਛੜੇ ਵਰਗਾਂ ਦੇ 27 ਫੀਸਦੀ ਰਾਖਵੇਕਰਨ ਨੂੰ ਲਾਗੂ ਕਰਨ ਵਾਸਤੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦੀ ਤਜਵੀਜ਼ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰ ਵੱਲੋਂ ਸਾਰੇ ਕੇਂਦਰੀ ਵਿਦਿਅਕ ਸੰਸਥਾਨਾਂ ਵਿੱਚ ਦਾਖਲਿਆਂ ਵਿੱਚ ਹੋਰਨਾਂ ਪੱਛੜੇ ਵਰਗਾਂ ਨੂੰ ਰਾਖਵਾਂਪਣ ਦੇਣ ਲਈ 2006 ਵਿੱਚ ਇੱਕ ਕਾਨੂੰਨ ਪਾਸ ਕੀਤਾ ਸੀ । ਪੀ.ਜੀ.ਆਈ. ਚੰਡੀਗੜ੍ਹ ਵਿੱਚ ਹੋਰ ਪੱਛੜੇ ਵਰਗਾਂ ਨੂੰ ਦਾਖਲੇ ਵਿੱਚ ਰਾਖਵਾਂਪਣ ਦੇਣ ਵਾਸਤੇ ਮੌਜੂਦਾ ਸੀਟਾਂ ਵਿੱਚ ਵਾਧਾ ਕੀਤਾ ਜਾਵੇਗਾ। ਪੋਸਟ ਗ੍ਰੈਜੂਏਟ ਪੱਧਰ ਉਤੇ ਸੀਟਾਂ ਵਿੱਚ 214 ਦਾ ਹੋਰ ਵਾਧਾ ਕੀਤਾ ਜਾਵੇਗਾ ਜਿਸ ਨਾਲ ਕੁੱਲ ਸੀਟਾਂ ਦੀ ਗਿਣਤੀ 396 ਤੋਂ ਵੱਧ ਕੇ 610 ਹੋ ਜਾਵੇਗੀ। ਨਰਸਿੰਗ ਕੋਰਸਾਂ ਲਈ 192 ਸੀਟਾਂ ਵਧਾਈਆਂ ਜਾਣਗੀਆਂ ਜਿਸ ਨਾਲ ਨਰਸਿੰਗ ਦੀਆਂ ਕੁੱਲ ਸੀਟਾਂ 552 ਹੋ ਜਾਣਗੀਆਂ। ਪੈਰਾ ਮੈਡੀਕਲ ਕੋਰਸਾਂ ਦੀਆਂ ਸੀਟਾਂ ਵਿੱਚ ਵੀ 87 ਦਾ ਵਾਧਾ ਕੀਤਾ ਜਾਵੇਗਾ।

ਸੁਨਾਮ ਵਿਸ਼ੇਸ਼ ਸਪਲੀਮੈਂਟ 21 ਨੂੰ



ਰੋਜ਼ਾਨਾਂ 'ਅੱਜ ਦੀ ਆਵਾਜ਼' ਵੱਲੋਂ ਕਸਬਾ ਸੁਨਾਮ ਜਿਲ੍ਹਾ ਸੰਗਰੂਰ ਤੋਂ ਇਕ ਵਿਸ਼ੇਸ਼ ਸਪਲੀਮੈਂਟ 21 ਫਰਵਰੀ 2010 ਦਿਨ ਐਤਵਾਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮਗਰੀ ਦੇਣ ਲਈ ਸਾਡੇ ਸਥਿਤ ਪੱਤਰਕਾਰ ਸ੍ਰੀ ਗੁਰਵਿੰਦਰ ਗੰਢੂਆਂ ਮੋਬਾਇਲ ਨੰ: 98724-57000 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

ਅਕਾਲ ਤਖਤ ਸਾਹਿਬ ਦੀ ਮਹਾਨ ਸੰਸਥਾ ਸੰਬੰਧੀ "ਥਾਣਾ ਤੇ ਕਚਹਿਰੀ" ਵਰਗੇ ਅਪਮਾਨਜਨਕ ਸਬਦਾਂ ਦੀ ਵਰਤੋਂ ਤੁਰੰਤ ਬੰਦ ਹੋਵੇ -ਟਿਵਾਣਾ

ਗੜ੍ਹਸ਼ੰਕਰ, 11 ਫਰਵਰੀ (ਰਮਨਦੀਪ ਸਿੰਘ ਅਰੋੜਾ)- "ਜਿਹੜੇ ਅਖੌਤੀ ਬੁੱਧੀਜੀਵੀ ਆਪਣੇ ਆਪ ਨੂੰ ਸਿੱਖ ਕੌਮ ਦੇ ਰਹਿਨੁਮਾ ਸਾਬਿਤ ਕਰਨ ਲਈ ਤਰਲੋ ਮੱਛੀ ਹੋ ਕੇ ਮੀਰੀ-ਪੀਰੀ ਦੇ ਮਹਾਨ ਤਖਤ ਸ੍ਰੀ ਅਕਾਲ ਤਖਤ ਸਾਹਿਬ ਨੂੰ ਕਦੀ ਥਾਣਾ ਤੇ ਕਦੀ ਕਚਹਿਰੀ ਵਰਗੇ ਅਪਮਾਨਜਨਕ ਸਬਦਾਂ ਦੀ ਵਰਤੋ ਕਰ ਰਹੇ ਹਨ, ਉਨ੍ਹਾ ਨੂੰ ਇਹ ਵੀ ਜਾਣਕਾਰੀ ਨਹੀਂ ਕਿ ਕਦੀ ਵੀ ਕੋਈ ਧਾਰਮਿਕ, ਇਖਲਾਕੀ ਕਦਰਾਂ-ਕੀਮਤਾਂ ਦੀ ਅਗਵਾਈ ਕਰਨ ਵਾਲੀ ਕੋਈ ਸੰਸਥਾ ਜਾਂ ਸਮਾਜ ਦੀ ਬਹਿਤਰੀ ਲੋੜਣ ਵਾਲੇ ਸੰਗਠਨ ਮਨੁੱਖਤਾ ਵਿਰੋਧੀ ਨਹੀਂ ਹੋ ਸਕਦੇ। ਹਾਂ, ਉਸ ਸੰਸਥਾ ਜਾਂ ਸੰਗਠਨ ਉੱਤੇ ਕਿਸੇ ਸਮੇਂ ਆਪਣੀਆਂ ਸਾਜਿਸਾਂ ਤੇ ਸਿਆਸੀ ਕਲਾਬਾਜੀਆਂ ਦਾ ਸਹਾਰਾ ਲੈ ਕੇ ਗੈਰ ਇਖਲਾਕੀ ਤੇ ਗੈਰ ਧਰਮੀ ਸਮਾਜ ਵਿਰੋਧੀ ਅਨਸਰ ਕਾਬਿਜ ਹੋਣ ਵਿੱਚ ਕੁਝ ਥੋੜੇ ਸਮੇ ਲਈ ਜ਼ਰੂਰ ਕਾਬਿਜ ਹੋ ਸਕਦਾ ਹੈ। ਜਦੋਂ ਅਜਿਹਾ ਸਮਾਜ ਵਿਰੋਧੀ ਵਰਤਾਰਾ ਸਾਹਮਣੇ ਆਵੇ ਤਾਂ ਸਾਨੂੰ ਉਨ੍ਹਾਂ ਪ੍ਰਬੰਧਕਾਂ ਤੇ ਜਿੰਮੇਵਾਰ ਸੱਜਣਾਂ ਦੀਆਂ ਗੈਰ ਜਿੰਮੇਵਾਰੀਆਂ ਵਾਲੀਆਂ ਗੈਰ ਸਿਧਾਂਤਕ ਕਾਰਵਾਈਆਂ ਵਿਰੁੱਧ ਦ੍ਰਿੜਤਾ ਨਾਲ ਅਵਾਜ ਬੁਲੰਦ ਕਰਨੀ ਚਾਹੀਦੀ ਹੈ ਨਾ ਕਿ ਸਮੁੱਚੀ ਸੰਸਥਾ ਜਾਂ ਸੰਗਠਨ ਨੂੰ ਬਦਨਾਮ ਕਰਨ ਦੀ ਕਾਰਵਾਈ।" ਇਹ ਵਿਚਾਰ ਅੱਜ ਇੱਥੇ ਭਾਈ ਇਕਬਾਲ ਸਿੰਘ ਟਿਵਾਣਾ ਸਿਆਸੀ ਤੇ ਮੀਡੀਆ ਸਲਾਹਕਾਰ ਅਤੇ ਇੰਚਾਰਜ ਗੁਰਦੁਆਰਾ ਚੋਣਾਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੁਝ ਸੱਜਣਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨ ਸੰਸਥਾ ਨੂੰ ਉਪਰੋਕਤ ਥਾਣਾ ਤੇ ਕਚਹਿਰੀ ਦੇ ਅਪਮਾਨਜਨਕ ਨਾਮ ਦੇ ਕੇ ਕੀਤੀ ਜਾ ਰਹੀ ਵਰਤੋਂ ਨੂੰ ਸ਼ਰਮਨਾਕ ਕਰਾਰ ਦਿੰਦੇ ਹੋਏ ਪੁਰਜੋਰ ਸਬਦਾਂ ਵਿੱਚ ਨਿਖੇਧੀ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਗੈਰ ਇਖਲਾਕੀ ਤੇ ਗੈਰ ਸਮਾਜਿਕ ਲੋਕਾਂ ਦੇ ਮਾੜੇ ਪ੍ਰਬੰਧ ਅਤੇ ਨਿਜਾਮ ਨੂੰ ਬਦਲਣ ਦੀ ਆੜ ਵਿੱਚ ਆਰ ਐੱਸ ਐਸ ਤੇ ਸਿੱਖ ਵਿਰੋਧੀ ਹਿੰਦੂਤਵ ਤਾਕਤਾਂ ਦੇ ਢਹੇ ਚੜ੍ਹ ਕੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸਿੱਖੀ ਸੰਸਥਾਵਾਂ ਨੂੰ ਬਦਨਾਮ ਕਰਨ ਵਾਲੇ ਲੋਕ ਵਿਰੋਧ ਕਰਦੇ ਹੋਏ ਇਹ ਵੀ ਭੁੱਲ ਜਾਂਦੇ ਹਨ ਕਿ ਸਿੱਖ ਗੁਰੂ ਸਾਹਿਬਾਨ ਤੇ ਅਨੇਕਾਂ ਸਿੰਘਾਂ ਨੇ ਮਹਾਨ ਕੁਰਬਾਨੀਆਂ ਕਰਕੇ ਇਨ੍ਹਾ ਮਨੁੱਖਤਾ ਪੱਖੀ ਸੰਸਥਾਵਾਂ ਨੂੰ ਲੰਮੇ ਸਮੇ ਦੀ ਜੱਦੋਜਹਿਦ ਉਪਰੰਤ ਹੋਂਦ ਵਿੱਚ ਲਿਆਂਦਾ ਹੈ ਅਤੇ ਇਨ੍ਹਾ ਸੰਸਥਾਵਾਂ ਦਾ ਮਕਸਦ ਮਨੁੱਖਤਾ ਦੀ ਬਿਨਾ ਕਿਸੇ ਭੇਦਭਾਵ ਤੋਂ ਬਹਿਤਰੀ ਕਰਨਾ ਹੈ। ਇਸ ਲਈ ਸ: ਟਿਵਾਣਾ ਨੇ ਪ੍ਰੋ: ਦਰਸਨ ਸਿੰਘ, ਭਾਈ ਜਗਤਾਰ ਸਿੰਘ ਜਾਚਕ ਤੇ ਉਨ੍ਹਾ ਦੇ ਸਹਿਯੋਗੀ ਸੱਜਣਾਂ ਨੂੰ ਸੰਜੀਦਾ ਅਪੀਲ ਕਰਦੇ ਹੋਏ ਕਿਹਾ ਕਿ ਉਹ ਧੜਿਆਂ ਦੀ ਮਾਰੂ ਬਿਰਤੀ ਵਾਲੀ ਗੈਰ ਦਲੀਲ ਸੋਚ ਤੋਂ ਉੱਪਰ ਉੱਠ ਕੇ ਇਨ੍ਹਾ ਸੰਸਥਾਵਾਂ ਵਿੱਚ ਸੁਧਾਰ ਲਿਆਉਣ ਦਾ ਉਪਰਾਲਾ ਕਰਨ ਨਾ ਕਿ ਇਨ੍ਹਾ ਮਹਾਨ ਸੰਸਥਾਵਾਂ ਨੂੰ ਬਦਨਾਮ ਕਰਕੇ। ਇਹ ਸੁਧਾਰ ਇਖਲਾਕੀ ਤੇ ਧਰਮੀ ਕਦਰਾਂ-ਕੀਮਤਾਂ ਉੱਤੇ ਪਹਿਰਾ ਦੇਣ ਉਪਰੰਤ ਆਵੇਗਾ। ਉਨ੍ਹਾਂ ਸ੍ਰੀ ਜਾਚਕ ਵੱਲੋਂ ਅਕਾਲ ਤਖਤ ਦੀ ਸਰਵ ਉੱਚਤਾ ਨੂੰ ਕਾਇਮ ਰੱਖਣ ਦੇ ਦਿੱਤੇ ਗਏ ਵਿਚਾਰ ਦਾ ਸਵਾਗਤ ਵੀ ਕੀਤਾ। ਉਨ੍ਹਾ ਇਸ ਗੱਲ ਉੱਤੇ ਗਹਿਰਾ ਦੁੱਖ ਪ੍ਰਗਟ ਕੀਤਾ ਕਿ ਸਾਡੇ ਸਮਾਜਿਕ, ਧਾਰਮਿਕ, ਸਿਆਸੀ ਰਹਿਨੁਮਾ ਅਖਵਾਉਣ ਵਾਲੇ ਆਗੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਬਦ ਗੁਰੂ ਤੋਂ ਅਗਵਾਈ ਲੈਣ ਦੀ ਬਜਾਏ ਵਪਾਰਿਕ ਸੋਚ ਵਾਲੇ ਅਦਾਰਿਆਂ ਤੇ ਬੁੱਧੀਜੀਵੀਆਂ ਤੋਂ ਅਗਵਾਈ ਲੈਣ ਲੱਗ ਪਏ ਹਨ। ਜਿੱਥੇ ਸਿੱਖ ਕੌਮ ਦੀ ☛(ਬਾਕੀ ਸਫਾ 2 'ਤੇ)

ਵਿਧਾਇਕ ਵੱਲੋਂ ਪਿੰਡ ਭੈਣੀ ਫੱਤਾ ਨੂੰ 5 ਲੱਖ ਦੀ ਗ੍ਰਾਂਟ

ਪੱਖੋ ਕਲਾਂ, 11ਫਰਵਰੀ (ਬਿੱਟੂ ਭੈਣੀ)- ਨੇੜਲੇ ਪਿੰਡ ਭੈਣੀ ਫੱਤਾ ਵਿਖੇ ਹਲਕਾ ਭਦੌੜ ਦੇ ਵਿਧਾਇਕ ਤੇ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਬਲਵੀਰ ਸਿੰਘ ਘੁੰਨਸ ਨੇ ਆਪਣੀ ਪਹਿਲੀ ਫੇਰੀ ਦੌਰਾਨ ਪਿੰਡ ਨੂੰ 5 ਲੱਖ ਰੁਪੇ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਤੇ ਸਕੂਲ ਦੇ ਤਿੰਨ ਕਮਰਿਆਂ, ਧਰਮਸ਼ਾਲਾ ਦਾ ਨੀਂਹ ਪੱਥਰ ਰੱਖਿਆ ਤੇ ਇੱਕ ਸਬਮਰਸੀਬਲ ਮੋਟਰ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਨਗਰ ਨਿਵਾਸੀਆਂ ਨੇ ਸ੍ਰੀ ਘੁੰਨਸ ਦਾ ਪਿੰਡ ਆਉਣ ਤੇ ਜੋਰਦਾਰ ਸਵਾਗਤ ਕੀਤਾ। ਸ੍ਰੀ ਘੁੰਨਸ ਨੇ ਇਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਸ ਪਿੰਡ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਸਮੱਸਿਆਵਾਂ ਸਮਝਣਗੇ ਤੇ ਹਰ ਵੇਲੇ ਲੋਕਾਂ ਦੇ ਦੁੱਖ ਸੁੱਖ ਵਿੱਚ ਸਰੀਕ ਹੋਣਗੇ ਕਿਉਂਕਿ ਇਹ ਪਿੰਡ ਧਨੌਲੇ ☛(ਬਾਕੀ ਸਫਾ 2 'ਤੇ)